# ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਲਈ ਨਿਯਮ

1. ਭਾਸ਼ਾ ਵਿਭਾਗ, ਪੰਜਾਬ ਵੱਲੋਂ ਇਹ ਪੁਰਸਕਾਰ ਮੁਕਾਬਲੇ ਦੇ ਆਧਾਰ ਤੇ ਦਿੱਤਾ ਜਾਵੇਗਾ।
2. ਮੁਕਾਬਲੇ ਵਿਚ ਭਾਗ ਲੈਣ ਲਈ ਕੇਵਲ ਉਹ ਪੁਸਤਕ ਹੀ ਸ਼ਾਮਲ ਕੀਤੀ ਜਾ ਸਕੇ ਜੋ ਅਧਿਸੂਚਿਤ ਸਮੇਂ/ਸਾਲ ਦੌਰਾਨ ਪ੍ਰਕਾਸ਼ਿਤ ਹੋਈ ਹੋਵੇ।
3. ਕਿਸੇ ਵੀ ਵਿਧਾ ਦੀ ਪੰਜਾਬੀ ਦੀ ਪੁਸਤਕ ਲਿਖਣ ਵਾਲਾ ਵਿਦਿਆਰਥੀ ਇਸ ਪੁਰਸਕਾਰ ਲਈ ਦਾਅਵੇਦਾਰ ਹੋ ਸਕਦਾ ਹੈ।
4. ਵਿਦਿਆਰਥੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਹਿੰਦਾ ਅਤੇ ਪੜ੍ਹਦਾ ਹੋ ਸਕਦਾ ਹੈ।
5. ਕਿਸੇ ਵੀ ਸਕੂਲ/ਕਾਲਜ/ਯੂਨੀਵਰਸਿਟੀ ਦਾ ਵਿਦਿਆਰਥੀ ਜਿਸ ਦੀ ਉਮਰ 25 ਸਾਲ ਤੋਂ ਘੱਟ ਹੋਵੇ, ਆਪਣੀ ਐਂਟਰੀ ਭੇਜੇਗਾ।
6. ਸਕੂਲ/ਕਾਲਜ ਦਾ ਪ੍ਰਿੰਸੀਪਲ/ਯੂਨੀਵਰਸਿਟੀ ਦੇ ਵਿਭਾਗ ਦਾ ਮੁਖੀ ਵਿਦਿਆਰਥੀ ਦੀ ਪੁਸਤਕ ਦੀ ਮੌਲਿਕਤਾ ਸਬੰਧੀ ਸਰਟੀਫਿਕੇਟ ਦੇਵੇਗਾ।
7. ਭਾਸ਼ਾ ਵਿਭਾਗ ਯਕੀਨੀ ਬਣਾਏਗਾ ਕਿ ਅਜਿਹੀਆਂ ਪੁਸਤਕਾਂ ਨੂੰ ਮੁਕਾਬਲੇ ਵਿਚ ਸ਼ਾਮਲ ਨਾ ਕੀਤਾ ਜਾਵੇ ਜਿਸ ਵਿਚ ਕੋਈ ਇਤਰਾਜ਼ਯੋਗ ਸਮੱਗਰੀ ਹੋਵੇ।
8. ਆਮ ਤੌਰ ਤੇ ਮੁਲਾਂਕਣ ਤਿੰਨ ਵਿਦਵਾਨਾਂ ਤੋਂ ਕਰਵਾਇਆ ਜਾਵੇਗਾ ਪਰ ਲੋੜ ਪੈਣ ਤੇ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਅਧਿਕਾਰ ਹੋਵੇਗਾ ਕਿ ਉਹ ਚੌਥਾ ਮੁਲਾਂਕਣਕਰਤਾ ਨਿਯੁਕਤ ਕਰ ਸਕੇ।
9. ਇਨ੍ਹਾਂ ਨਿਯਮਾਂ ਵਿੱਚ ਕਿਸੇ ਵੀ ਸਮੇਂ ਤਬਦੀਲੀ ਕਰਨ ਸਬੰਧੀ ਸਰਕਾਰ ਦੇ ਹੱਕ ਰਾਖਵੇਂ ਹੋਣਗੇ।

## ਭਾਸ਼ਾ ਵਿਭਾਗ,ਪੰਜਾਬ

## ਡਾ. ਸੁਰਜੀਤ ਪਾਤਰ ਯੁਵਾ ਸਾਹਿਤ ਪੁਰਸਕਾਰ ਲਈ ਬਿਨੈਪੱਤਰ

1. ਪੁਸਤਕ ਦਾ ਨਾਂ..........................................................................................................................
2. ਲੇਖਕ ਦਾ ਨਾਂ.............................................................. ਮੋਬਾਈਲ ਨੰਬਰ...................................
3. ਪੁਸਤਕ ਪ੍ਰਕਾਸ਼ਨ ਸਾਲ.................................................................................................................
4. ਕੀ ਪੁਸਤਕ ਮੌਲਿਕ ਹੈ? ...............................................................................................................
5. ਲੇਖਕ ਦਾ ਪੂਰਾ ਪਤਾ....................................................................................................................
6. ਜਨਮ ਮਿਤੀ ਦਾ ਕੋਈ ਇਕ ਸਬੂਤ (ਅਧਾਰ ਕਾਰਡ/ਪੈਨ ਕਾਰਡ/ਜਨਮ ਸਰਟੀਫਿਕੇਟ ਆਦਿ)

   ..........................................................................................................................
7. ਲੇਖਕ/ਵਿਦਿਆਰਥੀ ਦੀ ਵਿਦਿਅਕ ਸੰਸਥਾ ਦਾ ਨਾਮ:...................................................................
8. ਵਿਦਿਅਕ ਸੰਸਥਾ ਦੇ ਮੁਖੀ ਵੱਲੋਂ ਤਸਦੀਕ........................................................................................

   ..........................................................................................................................

   (ਤਸਦੀਕ ਕਰਤਾ ਦੀ ਮੋਹਰ, ਹਸਤਾਖ਼ਰ, ਨਾਮ ਅਤੇ ਫੋਨ ਨੰ.)
9. ਕੀ ਲੇਖਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਕੋਈ ਪੁਰਸਕਾਰ ਮਿਲਿਆ ਹੋਇਆ ਹੈ?ਹਾਂ / ਨਹੀਂ ............

   ਜੇ ਹਾਂ ਤਾਂ ਵੇਰਵਾ ਦਿੱਤਾ ਜਾਵੇ ..................................................................................................
10. ਕੀ ਲੇਖਕ ਨੂੰ ਭਾਸ਼ਾ ਵਿਭਾਗ ਪੰਜਾਬ ਤੋਂ ਕੋਈ ਪੁਰਸਕਾਰ ਮਿਲਿਆ ਹੈ? ਹਾਂ / ਨਹੀਂ...............................

    ਜੇਕਰ ਹਾਂ ਤਾਂ ਵੇਰਵਾ ਦਿੱਤਾ ਜਾਵੇ:

    (ੳ) ਸਾਲ..............................................(ਅ)ਪੁਰਸਕਾਰ ਦਾ ਨਾਂ..................................................

    (ੲ)ਪੁਸਤਕ ਦਾ ਨਾਂ .......................................................................................................

<u>ਨੋਟ:</u> ਬਿਨੈ ਪੱਤਰ ਦੇ ਨਾਲ ਸਬੰਧਤ ਪੁਸਤਕ ਦੀਆਂ ਚਾਰ ਕਾਪੀਆਂ ਜਮ੍ਹਾਂ ਕਰਵਾਉਣੀਆਂ ਵੀ ਲਾਜ਼ਮੀ ਹਨ। ਇਸ ਤੋਂ ਬਿਨਾਂ ਪੁਸਤਕ ਪੁਰਸਕਾਰ ਲਈ ਵਿਚਾਰੀ ਨਹੀਂ ਜਾਵੇਗੀ।

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਮੁਕਾਬਲੇ ਦੇ ਨਿਯਮ ਧਿਆਨ ਪੂਰਵਕ ਪੜ੍ਹ ਲਏ ਹਨ ਅਤੇ ਇਹਨਾਂ ਨਿਯਮਾਂ ਦੇ ਆਧਾਰ ਤੇ ਇਹ ਪੁਸਤਕ ਮੁਕਾਬਲੇ ਲਈ ਭੇਜ ਰਿਹਾ ਹਾਂ।

ਬਿਨੈਕਾਰ ਦੇ ਹਸਤਾਖ਼ਰ.................................................

ਲੇਖਕ/ਪ੍ਰਕਾਸ਼ਕ/ਜਾਂ ਕੋਈ ਹੋਰ..........................................

ਪਤਾ/ਮੋਬਾਈਲ ਨੰਬਰ ਸਮੇਤ...........................................